بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਲਾਨਾ ਜਰਮਨੀ 2024 ਦੇ ਹਵਾਲੇ ਨਾਲ ਜਲਸੇ ਦੇ ਉਦੇਸ਼ ਅਤੇ ਮਕਸਦ ਦਾ ਬਿਆਨ ਕੁੱਝ ਦੁਆਵਾਂ ਪੜ੍ਹਣ ਸੰਬੰਧੀ ਖਾਸ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 23 ਅਗਸਤ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۔ بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۙ۔ الرَّحۡمٰنِ الرَّحِيۡمِ ۙ۔ مٰلِكِ يَوۡمِ الدِّيۡنِ ؕ۔ اِيَّاكَ نَعۡبُدُ وَ اِيَّاكَ نَسۡتَعِيۡنُ ؕ اِهۡدِنَا الصِّرَاطَ الۡمُسۡتَقِيۡمَ ۙ۔ صِرَاطَ الَّذِيۡنَ اَنۡعَمۡتَ عَلَيۡهِمۡ ۙ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਲਹਮਦੁਲਿੱਲਾਹ ! ਅੱਜ ਜਲਸਾ ਸਲਾਨਾ ਜਰਮਨੀ ਸ਼ੁਰੂ ਹੋ ਰਿਹਾ ਹੈ। ਇਸ ਸਮੇਂ ਜਰਮਨੀ ਦੀ ਜਮਾਤ ਮੈਨੂੰ ਉੱਥੇ ਜਲਸੇ ਵਿੱਚ ਵੇਖਣਾ ਚਾਹੁੰਦੀ ਸੀ। ਪਰ ਮਨੁੱਖ ਦੇ ਨਾਲ ਮਨੁੱਖੀ ਤਕਾਜ਼ੇ ਵੀ ਲੱਗੇ ਹੋਏ ਹਨ। ਸਿਹਤ ਆਦਿ ਵੀ ਇਸ ਦਾ ਇੱਕ ਹਿੱਸਾ ਹੈ। ਇਸ ਕਰਕੇ ਡਾਕਟਰੀ ਸਲਾਹ ਨਾਲ ਅੰਤ ਵਿੱਚ ਜਰਮਨੀ ਨਹੀਂ ਗਿਆ ਅਤੇ ਇਹੀ ਤੈਅ ਕੀਤਾ ਕਿ ਇੱਥੋਂ ਹੀ ਜਰਮਨੀ ਦੇ ਜਲਸੇ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਇਆ ਜਾਵੇ ਅਤੇ ਇੱਥੋਂ ਹੀ ਜਲਸੇ ਵਿੱਚ ਸ਼ਾਮਿਲ ਹੋਣ ਵਾਲਿਆਂ ਨਾਲ ਸੰਬੋਧਨ ਕੀਤਾ ਜਾਵੇ। ਇਹ ਵੀ ਰੱਬ ਦੀ ਤੌਫ਼ੀਕ ਨਾਲ ਹੀ ਹੋਵੇਗਾ। ਦੁਆ ਕਰੋ ਕਿ ਰੱਬ ਤੌਫ਼ੀਕ ਬਖਸ਼ੇ।

ਇਹ ਵੀ ਰੱਬ ਦੀ ਮਿਹਰ ਹੈ ਕਿ ਇਸ ਜ਼ਮਾਨੇ ਦੀਆਂ ਖੋਜਾਂ ਵਿੱਚ ਉਸ ਨੇ ਸੰਪਰਕ ਦੇ ਸਾਧਨ ਬਖਸ਼ੇ ਹਨ। ਬਹੁਤ ਸਾਰੇ ਲੋਕ ਜੋ ਮੁਲਾਕਾਤ ਕਰਨਾ ਚਾਹੁੰਦੇ ਹਨ। ਉਸ ਦੇ ਸਮਾਨ ਰੱਬ ਫਿਰ ਕਿਸੇ ਸਮੇਂ ਫਰਮਾ ਦੇਵੇਗਾ।

ਡਿਯੂਟੀ ਕਰਨ ਵਾਲੇ ਸਾਰੇ ਸੇਵਾਦਾਰਾਂ ਨੂੰ ਮੈਂ ਕਹਿਣਾ ਚਾਹੁਣਾ ਕਿ ਮਹਿਮਾਨਾਂ ਦੀ ਸੇਵਾ ਲਈ, ਪੂਰੇ ਸੇਵਾ ਭਾਵ ਨਾਲ ਕੰਮ ਕਰਨ। ਉੱਚੇ ਆਚਰਣ ਦਾ ਪ੍ਰਕਟਾਵਾ ਕਰਨ। ਹਰ ਵਿਭਾਗ ਦਾ ਸੇਵਾਦਾਰ ਹੱਸਦੇ ਹੋਏ ਚਹਰੇ ਨਾਲ ਮਹਿਮਾਨਾਂ ਨਾਲ ਪੇਸ਼ ਆਵੇ। ਦੁਆਵਾਂ ਕਰਦੇ ਹੋਏ ਕੰਮ ਕਰਨ। ਇਸ ਜਜ਼ਬੇ ਨਾਲ ਕੰਮ ਕਰਨ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੱਦਣ ਉੱਤੇ ਆਏ ਹੋਏ ਮਹਿਮਾਨਾਂ ਦੀ ਸੇਵਾ ਕਰਨੀ ਹੈ ਅਤੇ ਜਿਹੋ ਜਿਹੇ ਮਰਜ਼ੀ ਹਾਲਾਤ ਹੋਣ। ਅਸੀਂ ਆਪਣੇ ਆਚਰਣ ਦੇ ਮਿਆਰ ਬੁਲੰਦ ਰੱਖਣੇ ਹਨ ਅਤੇ ਸੇਵਾ ਕਰਦੇ ਚਲੇ ਜਾਣਾ ਹੈ। ਮਹਿਮਾਨ ਵੀ ਜਲਸੇ ਦੇ ਉਦੇਸ਼ ਨੂੰ ਯਾਦ ਰੱਖਣ ਅਤੇ ਹਰ ਖੇਚਲ ਨੂੰ ਬਰਦਾਸ਼ਤ ਕਰਦੇ ਹੋਏ ਇਹਨਾਂ ਦਿਨਾਂ ਵਿੱਚ ਜਲਸੇ ਦੇ ਉਦੇਸ਼ ਨੂੰ ਧਿਆਨ ਵਿੱਚ ਰੱਖਣ।

ਸਦਾ ਯਾਦ ਰੱਖਣ ਕਿ ਸਾਡੇ ਉੱਤੇ ਹੋਣ ਵਾਲਿਆਂ ਰੱਬ ਦੀਆਂ ਮਿਹਰਾਂ ਵਿੱਚੋਂ ਇੱਕ ਬਹੁਤ ਵੱਡੀ ਮਿਹਰ ਇਹ ਹੈ, ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਉਸ ਨੇ ਸਾਨੂੰ ਬਖਸ਼ੀ ਹੈ ਕਿ ਸਾਲ ਵਿੱਚ ਇੱਕ ਵਾਰ ਅਸੀਂ

ਸਾਰੇ ਜਮ੍ਹਾਂ ਹੋ ਕੇ ਆਪਣੀ ਆਚਰਣਿਕ ਅਤੇ ਅਧਿਆਤਮਿਕ ਤਰੱਕੀ ਦੇ ਸਮਾਨ ਕਰਨ। ਅਜਿਹੇ ਪ੍ਰੋਗਰਾਮ ਬਣਾਉਣ ਜੋ ਸਾਨੂੰ ਰੱਬ ਦੇ ਨੇੜੇ ਕਰਨ ਵਾਲੇ ਅਤੇ ਸੰਜਮਤਾ ਵਿੱਚ ਵਧਾਉਣ ਵਾਲੇ ਹੋਣ। ਇਸ ਇਰਾਦੇ ਅਤੇ ਨਿੱਯਤ ਨਾਲ ਇਹ ਦਿਨ ਲੰਘਾਉਣ ਕਿ ਅਸੀਂ ਉੱਚ ਆਚਰਣ ਅਤੇ ਇੱਕ ਦੂਜੇ ਦੇ ਹੱਕ ਅਦਾ ਕਰਨ ਦੇ ਉੱਚ ਮਿਆਰ ਪ੍ਰਾਪਤ ਕਰਨੇ ਹਨ। ਆਪਸੀ ਪਿਆਰ, ਮੁਹੱਬਤ ਅਤੇ ਆਪਸੀ ਸੰਬੰਧਾਂ ਨੂੰ ਵਧਾਉਣਾ ਹੈ। ਨਾਰਾਜ਼ਗੀਆਂ ਨੂੰ ਦੂਰ ਕਰਨਾ ਹੈ। ਰੱਬ ਦੀ ਰਜ਼ਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ। ਹਰ ਕਿਸਮ ਦੀਆਂ ਵਿਅਰਥ ਗੱਲ੍ਹਾਂ ਅਤੇ ਕੰਮਾਂ ਤੋਂ ਆਪਣੇ ਆਪ ਨੂੰ ਬਚਾਉਣਾ ਹੈ। ਇਹੀ ਉਹ ਚੀਜਾਂ ਹਨ। ਜਿਨ੍ਹਾਂ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਡੇ ਤੋਂ ਉਮੀਦ ਲਾਈ ਹੈ ਅਤੇ ਇਹੀ ਉਹ ਚੀਜ਼ਾਂ ਹਨ, ਜੋ ਰੱਬ ਨੂੰ ਪਸੰਦ ਹਨ ਅਤੇ ਇਸੇ ਲਈ ਉਸ ਨੇ ਸਾਨੂੰ ਮਨੁੱਖ ਅਤੇ ਸਰਵੋਤਮ ਪ੍ਰਾਣੀ ਬਣਾਇਆ ਹੈ। ਜਲਸੇ ਉੱਤੇ ਆਉਣ ਵਾਲਾ ਹਰ ਅਹਮਦੀ ਇਹਨਾਂ ਗੱਲ੍ਹਾਂ ਨੂੰ ਧਿਆਨ ਵਿੱਚ ਰੱਖੇ।

ਜੇਕਰ ਰੱਬ ਦੀ ਮੁਹੱਬਤ ਵਿੱਚ ਵੱਧਣ, ਉੱਚ ਆਚਰਣ ਵਿਖਾਉਣ, ਬੰਦੀਆਂ ਦੇ ਹੱਕ ਅਦਾ ਕਰਨ ਅਤੇ ਸੰਜਮਤਾ ਦੀ ਪ੍ਰਾਪਤੀ ਦੀ ਕੋਸ਼ਿਸ਼ ਨਹੀਂ ਹੋ ਰਹੀ ਤਾਂ ਜਲਸੇ ਵਿੱਚ ਆਉਣ ਦਾ ਉਦੇਸ਼ ਪੂਰਾ ਨਹੀਂ ਹੋ ਰਿਹਾ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਕਦੇ ਵੀ ਨਹੀਂ ਚਾਹੁੰਦਾ ਕਿ ਅਜੋਕੇ ਸਮੇਂ ਦੇ ਪੀਰਾਂ ਵਾਂਗ ਕੇਵਲ ਵਿਖਾਵੇ ਦੀ ਸ਼ਾਨ-ਓ-ਸ਼ੌਕਤ ਵਿਖਾਉਣ ਲਈ ਆਪਣੇ ਪੈਰੋਕਾਰਾਂ ਨੂੰ ਜਮ੍ਹਾਂ ਕਰਾਂ। ਸਗੋਂ ਉਹ ਉਦੇਸ਼ ਜਿਸ ਲਈ ਮੈਂ ਕੋਸ਼ਿਸ਼ ਕਰਨਾ, ਉਹ ਲੋਕਾਂ ਨੂੰ ਸਿੱਧੇ ਰਾਹੀਂ ਪਾਉਣਾ ਹੈ।

ਸੋ, ਹਰ ਅਹਮਦੀ ਨੂੰ ਇਹ ਗੱਲ੍ਹ ਆਪਣੇ ਸਾਮ੍ਹਣੇ ਰੱਖਣੀ ਚਾਹੀਦੀ ਹੈ। ਜੇਕਰ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਾਂਗੇ ਤਾਂ ਹੀ ਜਲਸੇ ਉੱਤੇ ਆਉਣ ਦਾ ਉਦੇਸ਼ ਪੂਰਾ ਹੋਵੇਗਾ। ਜੇਕਰ ਜਲਸੇ ਉੱਤੇ ਆਉਣ ਦੇ ਬਾਦ ਰੱਬ ਨਾਲ ਸੰਬੰਧ ਪੈਦਾ ਨਹੀਂ ਹੋਇਆ, ਆਚਰਣ ਵਿੱਚ ਸੁਧਾਰ ਨਹੀਂ ਆਇਆ ਤਾਂ ਅਜਿਹੇ ਸ਼ਾਮਿਲ ਹੋਣ ਵਾਲਿਆਂ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬਹੁਤ ਨਾਰਾਜ਼ਗੀ ਦਾ ਪ੍ਰਕਟਾਵਾ ਕੀਤਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮੇਰੀ ਬੈਅਤ ਕਰਨ ਵਾਲੇ ਸਾਰੇ ਅਹਮਦੀਆਂ ਉੱਤੇ ਇਹ ਗੱਲ੍ਹ ਸਪਸ਼ਟ ਹੋਵੇ ਕਿ ਬੈਅਤ ਕਰਨ ਦਾ ਉਦੇਸ਼ ਇਹ ਹੈ ਕਿ ਦੁਨੀਆਂ ਦੀ ਮੁਹੱਬਤ ਠੰਡੀ ਹੋਵੇ ਅਤੇ ਆਪਣੇ ਮੌਲਾ ਕਰੀਮ ਅਤੇ ਰਸੂਲੇ ਮਕਬੂਲ ਸੱਲਲਾਹੁ ਅਲੈਹਿ ਵੱਸਲਮ ਦੀ ਮੁਹੱਬਤ ਦਿਲ੍ਹ ਉੱਤੇ ਗਾਲਿਬ ਆ ਜਾਵੇ

ਸਦਾ ਯਾਦ ਰੱਖੋ ਕਿ ਸੰਸਾਰਿਕ ਨੇਅਮਤਾਂ ਇੱਕ ਅਹਮਦੀ ਨੂੰ ਦੀਨ ਤੋਂ ਹਟਾਉਣ ਵਾਲਿਆਂ ਨ ਹੋਣ। ਇਹ ਕਾਰੋਬਾਰ ਜਾਂ ਸੰਸਾਰਿਕ ਨੇਅਮਤਾਂ ਇੱਕ ਅਹਮਦੀ ਨੂੰ ਰੱਬ ਦਾ ਧੰਨਵਾਦੀ ਬਣਾਉਣ ਅਤੇ ਰੱਬ ਤੇ ਉਸ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਦੀ ਮੁਹੱਬਤ ਵੱਧ ਤੋਂ ਵੱਧ ਦਿਲ ਵਿੱਚ ਪੈਦਾ ਹੋਵੇ। ਸੋ, ਆਪਣੀ ਸੰਜਮਤਾ ਦੇ ਮਿਆਰ ਨੂੰ ਵਧਾਉਣ ਦੀ ਕੋਸ਼ਿਸ਼ ਕਰੋ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰੱਬ ਨੇ ਜੋ ਇਸ ਜਮਾਤ ਨੂੰ ਬਣਾਉਣਾ ਚਾਹਿਆ ਤਾਂ ਇਸ ਤੋਂ ਇਹੀ ਉਦੇਸ਼ ਸੀ ਕਿ ਰੱਬ ਦੀ ਉਹ ਹਕੀਕੀ ਪਛਾਣ ਜੋ ਦੁਨੀਆਂ ਵਿੱਚੋਂ ਗੁਆਚ ਗਈ ਹੈ ਅਤੇ ਉਹ ਹਕੀਕੀ ਸੰਜਮਤਾ ਅਤੇ ਪਵਿੱਤਰਤਾ ਜੋ ਇਸ ਜ਼ਮਾਨੇ ਵਿੱਚ ਪਾਈ ਨਹੀਂ ਜਾਂਦੀ। ਉਸ ਨੂੰ ਮੁੜ੍ਹ ਕਾਯਮ ਕਰਾਂ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇੱਕ ਹੋਰ ਥਾਂ ਫ਼ਰਮਾਇਆ : ਹੇ ਉਹ ਸਾਰੇ ਲੋਕੋਂ ! ਜੋ ਆਪਣੇ ਆਪ ਨੂੰ ਮੇਰੀ ਜਮਾਤ ਵਿੱਚ ਸ਼ਾਮਿਲ ਕਰਦੇ ਹੋ। ਆਕਾਸ਼ ਉੱਤੇ ਤੁਸੀਂ ਉਸੇ ਸਮੇਂ ਮੇਰੀ ਜਮਾਤ ਅਖਵਾਉਗੇ। ਜੱਦ ਸੰਜਮਤਾ ਦੀਆਂ ਰਾਹਾਂ ਉੱਤੇ ਕਦਮ ਮਾਰੋਗੇ।

ਇੱਕ ਹੋਰ ਥਾਂ ਫ਼ਰਮਾਇਆ : ਰੱਬ ਦੀ ਮਹਾਨਤਾ ਆਪਣੇ ਦਿਲਾਂ ਵਿੱਚ ਬਿਠਾਓ ਅਤੇ ਉਸ ਦੀ ਤੌਹੀਦ ਦਾ ਇਕਰਾਰ ਨ ਕੇਵਲ ਜ਼ੁਬਾਨ ਤੋਂ ਸਗੋਂ ਅਮਲੀ ਤੌਰ ਉੱਤੇ ਕਰੋ ਤਾਂ ਕਿ ਰੱਬ ਵੀ ਅਮਲੀ ਤੌਰ ਉੱਤੇ ਆਪਣੀ ਮਿਹਰ ਅਤੇ ਕਰਮ ਤੁਹਾਡੇ ਉੱਤੇ ਪ੍ਰਕਟ ਕਰੇ ।

ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਹਨਾਂ ਆਦੇਸ਼ਾਂ ਨੂੰ ਆਪਣੇ ਸਾਮ੍ਹਣੇ ਰੱਖੋ । ਇਹੀ ਜਲਸੇ ਉੱਤੇ ਆਉਣ ਦਾ ਉਦੇਸ਼ ਹੈ । ਸਦਾ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਮੇਰਾ ਹਰ ਕੰਮ ਰੱਬ ਦੀ ਰਜ਼ਾ ਨੂੰ ਪ੍ਰਾਪਤ ਕਰਨ ਲਈ ਹੋਵੇ । ਸਦਾ ਇਹ ਯਾਦ ਰਹੇ ਅਤੇ ਇਸ ਗੱਲ੍ਹ ਦਾ ਖਿਆਲ ਰਹੇ ਅਤੇ ਦਿਮਾਗ ਵਿੱਚ ਇਹ ਗੱਲ੍ਹ ਸਦਾ ਬਹਿਠੀ ਰਹੇ ਕਿ ਮੇਰਾ ਹਰ ਅਮਲ ਰੱਬ ਦੀ ਨਜ਼ਰ ਦੇ ਸਾਮ੍ਹਣੇ ਹੈ ।

ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਜਲਸਾ ਸਲਾਨਾ ਅਤੇ ਨਾਮ ਸਿਮਰਨ ਦੇ ਹਵਾਲੇ ਨਾਲ ਫ਼ਰਮਾਉਂਦੇ ਹਨ ਕਿ ਕਿਉਂਕਿ ਇਹ ਜਲਸਾ ਰੱਬੀ ਨਿਸ਼ਾਨਾਂ ਵਿੱਚ ਸ਼ਾਮਿਲ ਹੈ ਅਤੇ ਇਸ ਜਲਸੇ ਵਿੱਚ ਸ਼ਾਮਿਲ ਹੋਣ ਦਾ ਇੱਕ ਉਦੇਸ਼ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਅਧਿਆਤਮਿਕਤਾ ਵਿੱਚ ਤਰੱਕੀ ਕਰਨਾ ਦੱਸਿਆ ਹੈ ਅਤੇ ਉਸ ਦਾ ਇੱਕ ਬਹੁਤ ਵੱਡਾ ਸਾਧਨ ਇਬਾਦਤ ਤੇ ਨਾਮ ਸਿਮਰਨ ਹੈ ਅਤੇ ਨਾਮ ਸਿਮਰਨ ਸੰਬੰਧੀ ਰੱਬ ਫ਼ਰਮਾਉਂਦਾ ਹੈ ਕਿ ਜੇਕਰ ਤੁਸੀਂ ਨਾਮ ਸਿਮਰਨ ਕਰੋਗੇ ਤਾਂ ਰੱਬ ਵੀ ਤੁਹਾਡਾ ਜ਼ਿਕਰ ਕਰੇਗਾ । ਸੋ, ਉਹ ਵਿਅਕਤੀ ਖ਼ੁਸ਼ ਕਿਸਮਤ ਹੈ । ਜਿਸ ਦਾ ਜ਼ਿਕਰ ਉਸ ਦਾ ਆਕਾ, ਉਸ ਦਾ ਮਾਲਿਕ, ਉਸ ਨੂੰ ਪੈਦਾ ਕਰਨ ਵਾਲਾ ਕਰੇ । ਸੋ, ਇਸ ਮਹੱਤਵਪੂਰਨ ਕਾਰਜ ਵੱਲ੍ਹ ਇਹਨਾਂ ਦਿਨਾਂ ਵਿੱਚ ਹਰ ਕਿਸੇ ਨੂੰ ਬਹੁਤ ਧਿਆਨ ਦੇਣਾ ਚਾਹੀਦਾ ਹੈ । ਇਸੇ ਸੰਬੰਧੀ ਮੈਂ ਇੱਕ ਤਹਰੀਕ ਕਰਨਾ ਚਾਹੁਣਾ ਹਾਂ ।

ਜਮਾਤ ਦੇ ਤੀਜੇ ਖਲੀਫ਼ਾ ਨੇ ਇੱਕ ਸੁਪਨਾ ਵੇਖਿਆ ਸੀ ਕਿ ਉਹਨਾਂ ਨੂੰ ਇੱਕ ਬੁਜ਼ੁਰਗ ਨੇ ਕਿਹਾ ਕਿ ਜੇਕਰ ਜਮਾਤ ਦਾ ਹਰ ਵਿਅਕਤੀ, ਹਰ ਵੱਡਾ 200 ਵਾਰ ਇਹ ਦਰੂਦ ਸ਼ਰੀਫ سُبْحَانَ اللّٰہِ وَبِحَمْدِہٖ سُبْحَانَ اللّٰہِ الْعَظِیْمِ اَللّٰھُمَّ صَلِّ عَلٰی مُحَمَّدٍ وَّاٰلِ مُحَمَّدٍ ਪੜ੍ਹੇ, ਦਰਮਿਆਨੀ ਉਮਰ ਦੇ ਲੋਕ 100 ਵਾਰ ਅਤੇ ਬੱਚੇ 33-33 ਵਾਰ ਪੜ੍ਹੇ । ਜੋ ਛੋਟੇ ਹਨ, ਉਹਨਾਂ ਨੂੰ ਉਹਨਾਂ ਦੇ ਮਾਂ ਬਾਪ ਇਹ 03-04 ਵਾਰ ਆਪ ਪੜ੍ਹਾਉਣ । ਇੰਝ ਹੀ 100 ਵਾਰ ਅਸਤਗ਼ਫ਼ਾਰ ਕਰਨ । ਮੈਂ ਇਸ ਵਿੱਚ ਇਹ ਸ਼ਾਮਿਲ ਕਰਨਾ ਕਿ 100 ਵਾਰ رَبِّ کُلُّ شَیْءٍ خَادِمُکَ رَبِّ فَاحْفَظْنِیْ وَانْصُرْنِیْ وَارْحَمْنِیْ ਵੀ ਪੜ੍ਹਣ । ਆਪ ਜੀ ਨੂੰ ਸੁਪਨੇ ਵਿੱਚ ਇਹੀ ਵਿਖਾਇਆ ਗਿਆ ਸੀ ਕਿ ਜੇਕਰ ਇਹ ਕਰੋਗੇ ਤਾਂ ਇੱਕ ਸੁਰੱਖਿਅਤ ਕਿਲ੍ਹੇ ਵਿੱਚ ਦਾਖਲ ਹੋ ਜਾਓਗੇ । ਜਿੱਥੇ ਸ਼ੈਤਾਨ ਕਦੇ ਦਾਖਲ ਨਹੀਂ ਹੋ ਸਕਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦੇ ਉਦੇਸ਼ਾਂ ਵਿੱਚੋਂ ਇੱਕ ਉਦੇਸ਼ ਇਹ ਬਿਆਨ ਫ਼ਰਮਾਇਆ ਕਿ ਜਮ੍ਹਾਂ ਹੋਣ ਵਾਲੇ ਆਪਸ ਵਿੱਚ ਜਾਣ ਪਛਾਣ ਵਧਾਉਣ । ਅਰਥਾਤ ਆਪਸੀ ਪਿਆਰ ਅਤੇ ਪਛਾਣ ਨੂੰ ਵਧਾਉਣ । ਸੋ, ਇਹਨਾਂ ਦਿਨਾਂ ਵਿੱਚ ਆਪਸੀ ਸੰਬੰਧ ਵਧਾਉਣ ਅਤੇ ਸਲਾਮਤੀ ਫੈਲਾਉਣ ਵੱਲ੍ਹ ਬਹੁਤ ਧਿਆਨ ਦੇਣਾ ਚਾਹੀਦਾ ਹੈ । ਪੁਰਾਣੇ ਸੰਬੰਧਾਂ ਵਿੱਚ ਜੇਕਰ ਕੋਈ ਨਾਰਾਜ਼ਗੀ ਪੈਦਾ ਹੋ ਗਈ ਹੈ ਤਾਂ ਉਸ ਨੂੰ ਦੂਰ ਕਰਨ ਦੀ ਭਰਪੂਰ ਕੋਸ਼ਿਸ਼ ਕਰੋ । ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਵਿਅਰਥ ਗੱਲ੍ਹਾਂ ਤੋਂ ਬਚੋ । ਨ ਕੇਵਲ ਇਹ ਕਿ ਲੜ੍ਹਾਈ ਝਗੜ੍ਹੀਆਂ ਤੋਂ ਬਚੋ, ਸਗੋਂ ਆਪਣੇ ਜੋ ਪੁਰਾਣੇ ਲੜ੍ਹਾਈ ਝਗੜ੍ਹੇ ਹਨ, ਉਹਨਾਂ ਲਈ ਵੀ ਇੱਕ ਦੂਜੇ ਤੋਂ ਮੁਆਫ਼ੀ ਮੰਗੋ । ਜ਼ਾਤੀ ਨਾਰਾਜ਼ਗੀਆਂ ਦੇ ਜਾਲ ਵਿੱਚੋਂ ਨਿਕਲ ਜਾਓ । ਸ਼ਕਾਯਤਾਂ ਆਉਂਦੀਆਂ ਹਨ ਕਿ ਮਾਮੂਲੀ ਮਾਮੂਲੀ ਗੱਲ੍ਹਾਂ ਉੱਤੇ ਆਪਸ ਵਿੱਚ ਲੜ੍ਹ ਪੈਂਦੇ ਹਨ । ਫਿਰ ਉਹਨਾਂ ਨੂੰ ਨਿਜ਼ਾਮ ਕਾਯਮ ਰੱਖਣ ਲਈ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ । ਜਿਸ ਨਾਲ ਤਕਲੀਫ

ਹੁੰਦੀ ਹੈ। ਇਹ ਨਹੀਂ ਕਿ ਖੁਸ਼ੀ ਨਾਲ ਸਜ਼ਾ ਦਿੱਤੀ ਜਾਂਦੀ ਹੈ। ਸਦਾ ਯਾਦ ਰੱਖੋ ਕਿ ਜਮਾਤ ਦੇ ਮਾਣ ਨੂੰ ਅਸੀਂ ਕਾਯਮ ਕਰਨਾ ਹੈ। ਇਸ ਲਈ ਜੇਕਰ ਨਿਜ਼ਾਮ ਜਾਂ ਖਲੀਫ਼ਾ ਕਿਸੇ ਨੂੰ ਸਜ਼ਾ ਦਿੰਦਾ ਹੈ ਤਾਂ ਜਮਾਤ ਦਾ ਮਾਣ ਕਾਯਮ ਰੱਖਣ ਲਈ ਦਿੰਦਾ ਹੈ ਕਿਉਂਕਿ ਜਮਾਤ ਦਾ ਮਾਣ ਸਾਰੇ ਰਿਸ਼ਤੀਆਂ ਤੋਂ ਵੱਧ ਅਤੇ ਉੱਚ ਹੈ। ਇਸ ਹਵਾਲੇ ਨਾਲ ਓਹਦੇਦਾਰਾਂ ਦੀ ਵੀ ਵੱਧ ਜ਼ਿਮੇਦਾਰੀ ਹੈ। ਇਸ ਲਈ ਉਹਨਾਂ ਵਿੱਚ ਬਰਦਾਸ਼ਤ ਵੀ ਵੱਧ ਹੋਣਾ ਚਾਹੀਦਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਤੁਸੀਂ ਦਿਲ ਦੇ ਗਰੀਬ ਬਣ ਜਾਓ। ਆਮ ਤੌਰ ਉੱਤੇ ਆਮ ਲੋਕਾਂ ਨਾਲ ਹਮਦਰਦੀ ਕਰੋ। ਜੱਦ ਕਿ ਤੁਸੀਂ ਉਹਨਾਂ ਨੂੰ ਸਵਰਗ ਦਿਲਾਉਣ ਲਈ ਨਸੀਹਤਾਂ ਕਰਦੇ ਹੋ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ : ਰੱਬ ਦੇ ਹੱਕਾਂ ਨੂੰ ਦਿਲ ਨਾਲ ਅਦਾ ਕਰੋ ਕਿ ਤੁਸੀਂ ਉਹਨਾਂ ਨਾਲ ਪੁੱਛੇ ਜਾਓਗੇ। ਨਮਾਜਾਂ ਵਿੱਚ ਬਹੁਤ ਦੁਆ ਕਰੋ ਤਾਂ ਰੱਬ ਤੁਹਾਨੂੰ ਆਪਣੇ ਵੱਲ੍ਹ ਖਿੱਚੇ ਅਤੇ ਤੁਹਾਡੇ ਦਿਲ੍ਹਾਂ ਨੂੰ ਸਾਫ਼ ਕਰੇ। ਫਿਰ ਫ਼ਰਮਾਇਆ : ਜੱਦ ਤੱਕ ਮਨੁੱਖ ਰੱਬ ਤੋਂ ਤਾਕਤ ਨ ਪਾਵੇ। ਕਿਸੇ ਬੁਰਾਈ ਦੇ ਦੂਰ ਕਰਨ ਉੱਤੇ ਕਾਦਰ ਨਹੀਂ ਹੋ ਸਕਦਾ।

ਸੋ, ਇਹ ਮਿਆਰ ਹਨ, ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬਿਆਨ ਫ਼ਰਮਾਏ ਹਨ। ਉਹਨਾਂ ਨੂੰ ਸਾਨੂੰ ਆਪਣੇ ਅੰਦਰ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਆਪ ਦੇ ਆਚਰਣ ਚੰਗੇ ਹੋਣਗੇ ਤਾਂ ਇੱਥੇ ਆਉਣ ਵਾਲੇ ਮਹਿਮਾਨ ਵੀ ਚੰਗਾ ਅਸਰ ਲੈ ਕੇ ਜਾਣਗੇ। ਇਹ ਚੰਗਾ ਆਚਰਣ ਦਾ ਪ੍ਰਕਟਾਵਾ ਇੱਕ ਖਾਮੋਸ਼ ਪ੍ਰਚਾਰ ਦਾ ਕੰਮ ਕਰੇਗਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕਿਸ ਦਰਦ ਅਤੇ ਤੜਪ ਨਾਲ ਆਪਣੀ ਜਮਾਤ ਲਈ ਦੁਆ ਕੀਤੀ ਹੈ। ਉਸ ਦਾ ਇੱਕ ਨਮੂਨਾ ਮੈਂ ਆਪ ਦੇ ਸਾਮ੍ਹਣੇ ਪੇਸ਼ ਕਰਦਾ ਹਾਂ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਦੁਆ ਕਰਦਾ ਹਾਂ ਅਤੇ ਜੱਦ ਤੱਕ ਮੇਰੀ ਜ਼ਿੰਦਗੀ ਹੈ, ਕਰਦਾ ਰਹਾਂਗਾ ਅਤੇ ਦੁਆ ਇਹੀ ਹੈ ਕਿ ਰੱਬ ਮੇਰੀ ਇਸ ਜਮਾਤ ਦੇ ਦਿਲ੍ਹਾਂ ਨੂੰ ਪਾਕ ਕਰੇ ਅਤੇ ਆਪਣੀ ਰਹਿਮਤ ਦਾ ਹੱਥ ਲੰਮਾ ਕਰਕੇ ਉਹਨਾਂ ਦੇ ਦਿਲ ਆਪਣੇ ਵੱਲ੍ਹ ਫੇਰ ਲਏ ਅਤੇ ਸਾਰੀਆਂ ਸ਼ਰਾਰਤਾਂ ਅਤੇ ਦੁਸ਼ਮਨੀਆਂ ਉਹਨਾਂ ਦੇ ਦਿਲਾਂ ਵਿੱਚੋਂ ਕੱਢ ਦੇਵੇ ਅਤੇ ਆਪਸੀ ਸੱਚੀ ਮੁਹੱਬਤ ਬਖਸ਼ੇ।

ਰੱਬ ਕਰੇ ਕਿ ਇਹ ਜਲਸਾ ਸਾਰੀਆਂ ਬਰਕਤਾਂ ਸਮੇਟਨ ਵਾਲਾ ਹੋਵੇ। ਦੁਨੀਆਂ ਦੇ ਹਾਲਾਤ ਲਈ ਵੀ ਦੁਆ ਕਰੋ। ਆਪਣੇ ਦੇਸ਼ ਲਈ ਦੁਆ ਕਰੋ। ਜੱਦ ਅਸੀਂ ਸ਼ਰਧਾ ਨਾਲ ਰੱਬ ਦੇ ਆਦੇਸ਼ਾਂ, ਇਸਲਾਮ ਦੀਆਂ ਸਿੱਖਿਆਵਾਂ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਆਦੇਸ਼ਾਂ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਉੱਤੇ ਅਮਲ ਕਰਨ ਵਾਲੇ ਹੋਣਗੇ। ਤੱਦ ਯਕੀਨਨ ਰੱਬ ਸਾਡੀ ਦੁਆਵਾਂ ਸੁਣੇਗਾ ਅਤੇ ਅਸੀਂ ਦੁਨੀਆਂ ਦਾ ਮਾਰਗ ਦਰਸ਼ਨ ਕਰਨ ਵਾਲੇ ਹੋਵਾਂਗੇ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ
اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ
رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ
اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ